# ਪਲਾਸਿਟਕ ਸਟਾਅ ਬਾਰੇ ਉਪਿਨਯਮ - 22 ਅਪ੍ਰੈਲ 2020
# ਵਾਰ-ਵਾਰ ਪੁੱਛੇ ਜਾਂਦੇ ਪ੍ਰਸ਼ਨ

### ਮੈਨੂੰ ਪਲਾਸਟਿਕ ਸਟ੍ਰਾਅ ਬਾਰੇ ਉਪਨਿਯਮ ਕਿੱਥੇ ਮਿਲ ਸਕਦੇ ਹਨ?

ਪਲਾਸਟਿਕ ਸਟ੍ਰਾਅ ਨੂੰ ਨਿਯੰਤ੍ਰਿਤ ਕਰਨ ਵਾਲੇ ਨਿਯਮ ਲਾਇਸੈਂਸ ਉਪਨਿਯਮ ਨੰਬਰ 4450 ਵਿੱਚ ਇੱਕ ਸੋਧ ਵਿੱਚ ਹਨ। ਉਪਨਿਯਮ ਵਿੱਚ ਇਹ ਸੋਧ vancouver.ca/straws 'ਤੇ ਉਪਲਬਧ ਹੈ

- **ਉਪਨਿਯਮ 12618 (ਪਲਾਸਟਿਕ ਦੇ ਸਟ੍ਰਾਅ ਦੇ ਸੰਬੰਧ ਵਿੱਚ ਲਾਇਸੈਂਸ ਉਪਨਿਯਮ 4450 ਵਿੱਚ ਸੋਧ ਕਰਦਾ ਹੈ)**

ਏਕੀਕ੍ਰਿਤ ਲਾਇਸੈਂਸ ਉਪਨਿਯਮ ਨੰਬਰ 4450 **vancouver.ca/your-government/licence-bylaw** 'ਤੇ ਉਪਲਬਧ ਹੈ

### ਪਲਾਸਟਿਕ ਸਟ੍ਰਾਅ 'ਤੇ ਪਾਬੰਦੀ ਕਿਉਂ ਲਗਾਈ ਜਾਵੇ?

ਜਦੋਂ ਅਸੀਂ 2040 ਤੱਕ ਜ਼ੀਰੋ ਵੇਸਟ ਕਮਿਉਨਿਟੀ ਬਣਨ ਵੱਲ ਕੰਮ ਕਰ ਰਹੇ ਹਾਂ, ਪਲਾਸਟਿਕ ਸਟ੍ਰਾਅ ਬਾਰੇ ਉਪਨਿਯਮ ਉਹਨਾਂ ਕਾਰਵਾਈਆਂ ਦਾ ਹਿੱਸਾ ਹੈ ਜੋ ਸਿਟੀ ਦੁਆਰਾ ਇੱਕੋ-ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਦੇ ਕਚਰੇ ਨੂੰ ਘਟਾਉਣ ਲਈ ਕੀਤੀਆਂ ਜਾ ਰਹੀਆਂ ਹਨ।

2018 ਵਿੱਚ, ਵੈਨਕੂਵਰ ਵਿੱਚ ਲਗਭਗ 31 ਮਿਲੀਅਨ ਪਲਾਸਟਿਕ ਦੇ ਸਟ੍ਰਾਅ ਕੂੜੇਦਾਨ ਵਿੱਚ ਸੁੱਟੇ ਗਏ ਸਨ। ਉਸ ਤੋਂ ਇਲਾਵਾ, ਅਗਿਆਤ ਸੰਖਿਆ ਵਿੱਚ ਪਲਾਸਟਿਕ ਦੇ ਸਟ੍ਰਾਅ ਕੁਦਰਤੀ ਵਾਤਾਵਰਣ ਵਿੱਚ ਸੁੱਟ ਦਿੱਤੇ ਗਏ ਸਨ। ਗ੍ਰੇਟ ਕੈਨੇਡੀਅਨ ਸ਼ੋਅਰਲਾਈਨ ਕਲੀਨਅੱਪ (Great Canadian Shoreline Cleanup)ਦੇ ਅਨੁਸਾਰ ਪਲਾਸਟਿਕ ਸਟ੍ਰਾਅ ਸਾਲ 2019 ਵਿੱਚ ਕੈਨੇਡੀਅਨ ਸਮੁੰਦਰੀ ਕੰਢੇ 'ਤੇ ਪਾਏ ਗਏ ਸਿਖਰਲੇ ਦਸ ਸਭ ਤੋਂ ਵੱਧ ਆਮ ਕਿਸਮ ਦੇ ਕੂੜਿਆਂ ਵਿੱਚੋਂ ਇੱਕ ਸੀ, ਅਤੇ ਇਸਨੂੰ ਫੈਲਾਉਣ ਨਾਲ ਸਮੁੰਦਰੀ ਜੀਵਨ ਅਤੇ ਵਾਤਾਵਰਣ ਉੱਤੇ ਮਾੜਾ ਪ੍ਰਭਾਵ ਪੈਂਦਾ ਹੈ।

ਪਲਾਸਟਿਕ ਸਟ੍ਰਾਅ ਬਾਰੇ ਉਪਨਿਯਮ ਤੋਂ ਪਹਿਲਾਂ, ਅਤੇ ਪਲਾਸਟਿਕ ਸਟ੍ਰਾਅ 'ਤੇ ਪਾਬੰਦੀ ਲਗਾਉਣ ਦੀ ਵਿਸ਼ਵ-ਵਿਆਪੀ ਮੁਹਿੰਮ ਦੇ ਨਤੀਜੇ ਵਜੋਂ, ਬਹੁਤ ਸਾਰੇ ਵੈਨਕੂਵਰ ਕਾਰੋਬਾਰਾਂ ਨੇ ਆਪਣੀਆਂ ਵਾਤਾਵਰਣ ਸੰਬੰਧੀ ਕਦਰਾਂ-ਕੀਮਤਾਂ ਦਾ ਪ੍ਰਦਰਸ਼ਨ ਕਰਨ ਲਈ ਪਲਾਸਟਿਕ ਦੇ ਸਟ੍ਰਾਅ ਨੂੰ ਖਤਮ ਕਰ ਦਿੱਤਾ।

### ਕਿਸ ਕਿਸਮ ਦੇ ਪਲਾਸਟਿਕ ਦੇ ਸਟ੍ਰਾਅ 'ਤੇ ਪਾਬੰਦੀ ਲਗਾਈ ਗਈ ਹੈ?

ਵੱਖ-ਵੱਖ ਕਰਕੇ ਕਾਗਜ਼ ਵਿੱਚ ਲਪੇਟੇ ਗਏ ਪਲਾਸਟਿਕ ਦੇ ਸਟ੍ਰਾਅ ਦੇ ਅਪਵਾਦ ਦੇ ਨਾਲ, ਜਿਨ੍ਹਾਂ ਨੂੰ ਪਹੁੰਚਯੋਗਤਾ ਲਈ ਬੇਨਤੀ ਕਰਨ 'ਤੇ ਪ੍ਰਦਾਨ ਕੀਤਾ ਜਾਣਾ ਲਾਜ਼ਮੀ ਹੈ, ਉਪਨਿਯਮ ਉਹਨਾਂ ਪਲਾਸਟਿਕ ਦੇ ਸਟ੍ਰਾਅ 'ਤੇ ਪਾਬੰਦੀ ਲਗਾਉਂਦਾ ਹੈ ਜੋ:

- ਜੈਵਿਕ ਬਾਲਣ ਉਤਪਾਦਾਂ ਤੋਂ ਬਣੇ
- ਖਾਦ ਵਿੱਚ ਬਦਲਣ ਯੋਗ ਜਾਂ ਨਸ਼ਟ ਹੋਣ ਯੋਗ ਦੇ ਤੌਰ 'ਤੇ ਲੇਬਲ ਜਾਂ ਵਰਣਿਤ ਕੀਤੇ, ਜਾਂ
- ਪੌਦਿਆਂ ਜਾਂ ਹੋਰ ਜੀਵ-ਵਿਗਿਆਨਕ ਪਦਾਰਥਾਂ (ਜਿਵੇਂ ਮੱਕੀ, ਆਲੂ, ਗੰਨਾ) ਤੋਂ ਬਣੇ ਪਲਾਸਟਿਕ ਦੇ ਤੌਰ 'ਤੇ ਲੇਬਲ ਜਾਂ ਵਰਣਿਤ ਕੀਤੇ

ਜਿਸ ਵੇਲੇ ਅਸੀਂ ਕੋਵਿਡ-19 ਦੌਰਾਨ ਸਿੰਗਲ-ਯੂਜ਼ ਚੀਜ਼ਾਂ ਤੋਂ ਕਚਰੇ ਨੂੰ ਘਟਾਉਣ ਲਈ ਕਦਮ ਚੁੱਕ ਰਹੇ ਹਾਂ, ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਹੈ ਕਿ ਸਾਡੇ ਸਾਰੇ ਉਪਨਿਯਮ ਪਬਲਿਕ ਹੈਲਥ ਦੀਆਂ ਨਵੀਨਤਮ ਸੇਧਾਂ ਦੇ ਅਨੁਕੂਲ ਹੋਣ ਅਤੇ ਵਸਨੀਕਾਂ, ਕਾਰੋਬਾਰਾਂ ਅਤੇ ਉਹਨਾਂ ਦੇ ਸਟਾਫ਼ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕਰਨ।

ਕੋਵਿਡ-19 ਸਿਹਤ ਸੰਬੰਧੀ ਤਾਜ਼ਾ ਲੋੜਾਂ ਅਤੇ ਸਰੋਤਾਂ ਲਈ ਅਤੇ ਸ੍ਰੋਤ ਇਹਨਾਂ ਵੈਬਸਾਈਟਾਂ, ਕਿਰਪਾ ਕਰਕੇ ਦੇਖੋ:

- ਆਦੇਸ਼ਾਂ, ਨੋਟਿਸਾਂ ਅਤੇ ਮਾਰਗਦਰਸ਼ਨ ਲਈ ਸੂਬਾਈ ਸਿਹਤ ਅਫਸਰ (Provincial Health Officer' ਦਾ ਵੈੱਬ ਪੇਜ।
- ਬ੍ਰਿਟਿਸ਼ ਕੋਲੰਬੀਆ ਰੋਗ ਨਿਯੰਤ੍ਰਣ ਲਈ ਕੇਂਦਰ (British Columbia Centre for Disease Control) (BCCDC), ਜਿਸ ਵਿੱਚ ਭੋਜਨ ਦੇ ਕਾਰੋਬਾਰ ਬਾਰੇ ਵੈੱਬ ਪੇਜ ਵੀ ਸ਼ਾਮਲ ਹੈ।
- ਵੈਨਕੂਵਰ ਕੋਸਟਲ ਹੈਲਥ ਦਾ ਵਾਤਾਵਰਣ ਸੰਬੰਧੀ ਸਿਹਤ ਅਤੇ ਜਾਂਚ-ਪੜਤਾਲਾਂ ਬਾਰੇ ਵੈੱਬ ਪੰਨਾ।
- ਵਰਕ ਸੇਫ ਬੀਸੀ।

ਪ੍ਰਕਾਸ਼ਿਤ: ਜੁਲਾਈ 2021

# ਪਲਾਸਿਟਕ ਸਟਾਅ ਬਾਰੇ ਉਪਿਨਯਮ - 22 ਅਪ੍ਰੈਲ 2020
# ਵਾਰ-ਵਾਰ ਪੁੱਛੇ ਜਾਂਦੇ ਪ੍ਰਸ਼ਨ

**ਪਲਾਸਟਿਕ ਸਟ੍ਰਾਅ 'ਤੇ ਪਾਬੰਦੀ ਵਿੱਚ ਖਾਦ ਵਿੱਚ ਬਦਲਣ ਯੋਗ, ਨਸ਼ਟ ਹੋਣ ਯੋਗ (ਬਾਇਓਡਿਗ੍ਰੇਡੇਬਲ, ਆਕਸੋਡਿਗ੍ਰੇਡੇਬਲ, ਫੋਟੋਡਿਗ੍ਰੇਡੇਬਲ, ਆਦਿ), ਦੇ ਤੌਰ 'ਤੇ ਲੇਬਲ ਜਾਂ ਵਰਣਨ ਕੀਤਾ ਪਲਾਸਟਿਕ, ਬਾਇਓਪਲਾਸਟਿਕ ਅਤੇ ਪੌਦਿਆਂ ਜਾਂ ਹੋਰ ਜੈਵਿਕ ਪਦਾਰਥਾਂ ਤੋਂ ਬਣਿਆ, ਜਾਂ ਪੌਦੇ ਦੇ ਰੇਸ਼ਿਆਂ ਜਾਂ ਹੋਰ ਸਮੱਗਰੀ ਨਾਲ ਮਿਲਾਇਆ ਪਲਾਸਟਿਕ ਕਿਉਂ ਸ਼ਾਮਲ ਹੈ?**

ਜੈਵਿਕ ਬਾਲਣ ਉਤਪਾਦਾਂ ਤੋਂ ਬਣੇ ਪਲਾਸਟਿਕ ਸਟ੍ਰਾਅ ਤੋਂ ਇਲਾਵਾ, ਪਲਾਸਟਿਕ ਸਟ੍ਰਾਅ ਬਾਰੇ ਉਪਨਿਯਮ ਉਪਰੋਕਤ ਕਿਸਮਾਂ ਦੇ ਪਲਾਸਟਿਕ 'ਤੇ ਵੀ ਪਾਬੰਦੀ ਲਗਾਉਂਦਾ ਹੈ ਕਿਉਂਕਿ ਉਹ:

- ਸਿਟੀ ਦੇ ਗ੍ਰੀਨ ਬਿਨ ਪ੍ਰੋਗਰਾਮ ਵਿੱਚ ਸਵੀਕਾਰ ਨਹੀਂ ਕੀਤੇ ਜਾਂਦੇ ਹਨ
- ਮੌਜੂਦਾ ਖਾਦ ਵਿੱਚ ਬਦਲਣ ਯੋਗ ਅਤੇ ਰੀਸਾਈਕਲਿੰਗ ਸਟ੍ਰੀਮਾਂ ਨੂੰ ਦੂਸ਼ਿਤ ਕਰਦੇ ਹਨ
- ਸੂਬਾਈ ਵਿਨਿਯਮਾਂ ਦੇ ਅਧੀਨ ਖਾਦ ਬਣਾਏ ਜਾਣ ਲਈ ਪ੍ਰਵਾਨਿਤ ਨਹੀਂ ਹਨ
- ਇਹ ਕੁਦਰਤੀ ਵਾਤਾਵਰਣ ਵਿੱਚ ਸੁੱਟ ਦਿੱਤੇ ਜਾਣ 'ਤੇ ਬਾਇਓਡਿਗ੍ਰੇਡ ਹੋਣ ਲਈ ਤਿਆਰ ਨਹੀਂ ਕੀਤੇ ਜਾਂਦੇ ਹਨ

ਪਲਾਸਟਿਕ ਜਿਸਨੂੰ ਖਾਦ ਵਿੱਚ ਬਦਲਣ ਯੋਗ ਜਾਂ ਨਸ਼ਟ ਹੋਣ ਯੋਗ ਵਜੋਂ ਲੇਬਲ ਜਾਂ ਵਰਣਿਤ ਕੀਤਾ ਜਾਂਦਾ ਹੈ ਉਸ ਨੂੰ ਵੀ ਰੀਸਾਈਕਲ ਬੀਸੀ ਦੇ ਰਿਹਾਇਸ਼ੀ ਰੀਸਾਈਕਲਿੰਗ ਕਲੈਕਸ਼ਨ ਪ੍ਰੋਗਰਾਮ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ ਹੈ।

ਪ੍ਰਦੂਸ਼ਕਾਂ ਦੇ ਤੌਰ 'ਤੇ, ਇਸ ਕਿਸਮ ਦੇ ਪਲਾਸਟਿਕਾਂ ਨੂੰ ਸਥਾਨਕ ਕੰਪੋਸਟਿੰਗ ਸਟ੍ਰੀਮਾਂ ਤੋਂ ਹਟਾਏ ਜਾਣ ਅਤੇ ਫਿਰ ਲੈਂਡਫਿਲ ਜਾਂ ਇਨਸਿਨੇਰੇਟਰਰ ਵਿੱਚ ਸੁੱਟੇ ਜਾਣ ਦੀ ਸਭ ਤੋਂ ਵੱਧ ਸੰਭਾਵਨਾ ਹੁੰਦੀ ਹੈ।

**ਕੀ ਵੈਨਕੂਵਰ ਸਿਟੀ ਉਪਨਿਯਮ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਸਟ੍ਰਾਅ ਨੂੰ ਪ੍ਰਵਾਨਿਤ ਜਾਂ ਤਸਦੀਕ ਕਰਦਾ ਹੈ?**

ਨਹੀਂ। ਇਹ ਕਾਰੋਬਾਰੀ ਲਾਇਸੈਂਸ ਧਾਰਕਾਂ ਅਤੇ ਨਿਰਮਾਤਾਵਾਂ 'ਤੇ ਨਿਰਭਰ ਕਰਦਾ ਹੈ ਕਿ ਉਹਨਾਂ ਦੁਆਰਾ ਵੰਡੇ ਜਾਣ ਵਾਲੇ ਸਟ੍ਰਾਅ ਉਪਨਿਯਮ ਦੀਆਂ ਲੋੜਾਂ ਨੂੰ ਪੂਰਾ ਕਰਨ।

**ਵੈਨਕੂਵਰ ਦਾ ਪਲਾਸਟਿਕ ਸਟ੍ਰਾਅ ਬਾਰੇ ਉਪਨਿਯਮ ਪਹੁੰਚਯੋਗਤਾ ਨੂੰ ਕਿਵੇਂ ਸੁਰੱਖਿਅਤ ਕਰਦਾ ਹੈ?**

ਪਲਾਸਟਿਕ ਸਟ੍ਰਾਅ ਬਾਰੇ ਉਪਨਿਯਮ ਵਿੱਚ ਕਾਰੋਬਾਰਾਂ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਲਈ ਪਹੁੰਚਯੋਗਤਾ ਦੀ ਲੋੜ ਸ਼ਾਮਲ ਹੈ, ਜਿਸ ਨਾਲ ਉਹ ਉਹਨਾਂ ਲੋਕਾਂ ਨੂੰ ਵੱਖ-ਵੱਖ ਕਰਕੇ ਕਾਗਜ਼ ਵਿੱਚ ਲਪੇਟੇ ਗਏ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਮੁਹੱਈਆ ਕਰਵਾ ਸਕਦੇ ਹਨ ਜਿਨ੍ਹਾਂ ਨੂੰ ਸੁਰੱਖਿਅਤ ਢੰਗ ਨਾਲ ਪੀਣ ਵਾਲੇ ਪਦਾਰਥਾਂ ਅਤੇ ਪੋਸ਼ਕ ਪਦਾਰਥਾਂ ਦਾ ਸੇਵਨ ਕਰਨ ਲਈ ਇਹਨਾਂ ਦੀ ਲੋੜ ਹੁੰਦੀ ਹੈ। ਲਚਕੀਲੇ ਪਲਾਸਟਿਕ ਦੇ ਸਟ੍ਰਾਅ ਕਾਉਂਟਰ ਦੇ ਪਿੱਛੇ ਸਟੋਰ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਉਹ ਉਹਨਾਂ ਦੀ ਲੋੜ ਵਾਲੇ ਲੋਕਾਂ ਲਈ ਉਪਲਬਧ ਹੋਣ।

ਲਚਕੀਲੇ ਪਲਾਸਟਿਕ ਦੇ ਸਟ੍ਰਾਅ ਮੰਗਣ ਵਾਲੇ ਕਿਸੇ ਵੀ ਵਿਅਕਤੀ ਨੂੰ ਇਹ ਮਿਲਣਾ ਚਾਹੀਦਾ ਹੈ। ਲੋਕਾਂ ਨੂੰ ਆਪਣੀ ਲੋੜ ਸਾਬਤ ਕਰਨ ਲਈ ਕੋਈ ਡਾਕਟਰੀ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਨਹੀਂ ਹੈ ਅਤੇ ਉਹਨਾਂ ਤੋਂ ਇਹ ਨਹੀਂ ਮੰਗੀ ਜਾਣੀ ਚਾਹੀਦੀ।

ਸਾਡੇ ਬਿਹਤਰੀਨ ਗਿਆਨ ਦੇ ਅਨੁਸਾਰ, ਵੈਨਕੂਵਰ ਦਾ ਉਪਨਿਯਮ ਪਲਾਸਟਿਕ ਦੇ ਸਟ੍ਰਾਅ ਦੀ ਬਰਬਾਦੀ ਨੂੰ ਘਟਾਉਣ ਲਈ ਵੀ ਕੰਮ ਕਰਦੇ ਹੋਏ, ਪਲਾਸਟਿਕ ਦੇ ਸਟ੍ਰਾਅ 'ਤੇ ਪਾਬੰਦੀਆਂ ਵਿੱਚ ਪਹੁੰਚਯੋਗਤਾ ਲਈ ਉੱਚਤਮ ਮਿਆਰ ਨਿਰਧਾਰਤ ਕਰਦਾ ਹੈ।

### ਵੈਨਕੂਵਰ ਦੇ ਪਲਾਸਟਿਕ ਸਟ੍ਰਾਅ ਬਾਰੇ ਉਪਨਿਯਮ ਵਿੱਚ ਪਹੁੰਚਯੋਗਤਾ ਦੀ ਲੋੜ ਕਿਉਂ ਸ਼ਾਮਲ ਹੈ?

ਪਲਾਸਟਿਕ ਸਟ੍ਰਾਅ ਬਾਰੇ ਉਪਨਿਯਮ ਵਿੱਚ ਪਹੁੰਚਯੋਗਤਾ ਸੰਬੰਧੀ ਲੋੜ ਦੇ ਬਿਨਾਂ, ਭੋਜਨ ਵਿਕ੍ਰੇਤਾ ਵੱਖ-ਵੱਖ ਕਰਕੇ ਕਾਗਜ਼ ਵਿੱਚ ਲਪੇਟੇ ਗਏ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਮੁਹੱਈਆ ਨਾ ਕਰਨ ਦੀ ਚੋਣ ਕਰ ਸਕਦੇ ਸਨ, ਜਿਸ 'ਤੇ ਬਹੁਤ ਸਾਰੇ ਅਸਮਰਥਤਾਵਾਂ ਵਾਲੇ ਲੋਕ ਸੁਰੱਖਿਅਤ ਢੰਗ ਨਾਲ ਪੀਣ ਵਾਲੇ ਪਦਾਰਥਾਂ ਅਤੇ ਪੋਸ਼ਕ ਪਦਾਰਥਾਂ ਦਾ ਸੇਵਨ ਕਰਦੇ ਹਨ।

ਵੈਨਕੂਵਰ ਸਿਟੀ ਇੱਕ ਸਭ ਨੂੰ ਸ਼ਾਮਲ ਕਰਨ ਵਾਲੇ ਭਾਈਚਾਰੇ ਬਣਾਉਣ ਅਤੇ ਇੱਕ ਪਹੁੰਚਯੋਗ ਵਾਤਾਵਰਣ ਮੁਹੱਈਆ ਕਰਨ ਦੀ ਸਿਟੀ ਦੀ ਵਚਨਬੱਧਤਾ ਨੂੰ ਦਰਸਾਉਣ ਅਤੇ ਹੋਰ ਮਜ਼ਬੂਤ ਕਰਨ ਲਈ ਇੱਕ ਪਹੁੰਚਯੋਗਤਾ ਰਣਨੀਤੀ ਤਿਆਰ ਕਰ ਰਹੀ ਹੈ ਜਿਸ ਵਿੱਚ ਸਾਰੇ ਵਿਅਕਤੀਆਂ ਦੀ ਸਿਟੀ ਦੀਆਂ ਸੇਵਾਵਾਂ, ਪ੍ਰੋਗਰਾਮਾਂ ਅਤੇ ਬੁਨਿਆਦੀ ਢਾਂਚੇ ਤਕ ਇਸ ਤਰੀਕੇ ਨਾਲ ਪਹੁੰਚ ਹੋਵੇ ਜੋ ਅਸਮਰਥਤਾਵਾਂ ਵਾਲੇ ਲੋਕਾਂ ਦੇ ਮਾਣ ਅਤੇ ਆਜ਼ਾਦੀ ਦਾ ਸਨਮਾਨ ਕਰੇ। ਪਹੁੰਚਯੋਗਤਾ ਰਣਨੀਤੀ ਦਾ ਵਿਕਾਸ ਸਿਟੀ ਦੇ "ਬਰਾਬਰੀ ਲੈਂਜ਼" ਵਿੱਚ ਯੋਗਦਾਨ ਪਾਉਂਦਾ ਹੈ ਤਾਂ ਜੋ ਸਾਰੇ ਲੋਕਾਂ ਦੀ ਸਿਹਤ ਅਤੇ ਭਲਾਈ ਵਿੱਚ ਸਹਾਇਤਾ ਕੀਤੀ ਜਾ ਸਕੇ। "ਸਾਰਿਆਂ ਲਈ ਬਰਾਬਰੀ" ਲੈਂਜ਼ ਦੀ ਵਰਤੋਂ ਇਹ ਪੱਕਾ ਕਰਨ ਵਿੱਚ ਮਦਦ ਕਰਦੀ ਹੈ ਕਿ ਸਿਟੀ ਦੀ ਨੀਤੀ ਅਤੇ ਸੇਵਾਵਾਂ ਵਸਨੀਕਾਂ ਲਈ ਸਰਵ-ਵਿਆਪਕ ਹਨ ਅਤੇ ਨਾਲ ਹੀ ਗੈਰ-ਬਰਾਬਰੀ ਦੇ ਪ੍ਰਤੀ ਸਭ ਤੋਂ ਜ਼ਿਆਦਾ ਅਸੁਰੱਖਿਅਤ, ਖਾਸ ਅਬਾਦੀ, ਜਿਨ੍ਹਾਂ ਵਿੱਚ ਅਸਮਰਥਤਾਵਾਂ ਵਾਲੇ ਵਿਅਕਤੀ, ਬਜ਼ੁਰਗਾਂ ਅਤੇ ਮਾਨਸਿਕ ਸਿਹਤ ਸੰਬੰਧੀ ਚਿੰਤਾਵਾਂ ਅਤੇ/ਜਾਂ ਪਦਾਰਥਾਂ ਦੀ ਵਰਤੋਂ ਦੇ ਜੀਵਿਤ ਤਜ਼ਰਬੇ ਵਾਲੇ ਲੋਕ ਸ਼ਾਮਲ ਹਨ, ਲਈ ਪਹੁੰਚਯੋਗ ਹਨ।

### ਪੂਰੀ ਤਰ੍ਹਾਂ ਨਾਲ ਜੀਵਾਸ਼ਮ ਬਾਲਣ ਉਤਪਾਦਾਂ ਤੋਂ ਕਿਉਂ ਤਿਆਰ ਕੀਤੇ ਗਏ ਅਤੇ ਵੱਖ-ਵੱਖ ਕਰਕੇ ਕਾਗਜ਼ ਵਿੱਚ ਲਪੇਟੇ ਗਏ ਲਚਕੀਲੇ ਪਲਾਸਟਿਕ ਦੇ ਸਟ੍ਰਾਅ, ਸਭ ਤੋਂ ਜ਼ਿਆਦਾ ਪਹੁੰਚਯੋਗ ਸਟ੍ਰਾਅ ਕਿਉਂ ਹਨ?

ਉਮਰ ਨਾਲ ਸੰਬੰਧਿਤ ਸਰੀਰਕ ਪਾਬੰਦੀਆਂ, ਗਠੀਆ, ਆਟੋ-ਇਮਿਊਨ ਬਿਮਾਰੀ, ਆਟਿਜ਼ਮ, ਸੇਰੇਬਰਲ ਪਾਲਸੀ (ਦਿਮਾਗ ਦਾ ਅਧਰੰਗ), ਦੰਦਾਂ ਅਤੇ ਮੂੰਹ ਦੀਆਂ ਸਮੱਸਿਆਵਾਂ, ਮਲਟੀਪਲ ਸਕੇਲੋਰੋਸਿਸ, ਮਾਂਸਪੇਸ਼ੀਆਂ ਦੀ ਖ਼ਰਾਬੀ, ਤੰਤੂ ਸੰਬੰਧੀ ਬਿਮਾਰੀ, ਰੀੜ੍ਹ ਦੀ ਹੱਡੀ ਦੀਆਂ ਸੱਟਾਂ, ਸਟ੍ਰੋਕ ਤੋਂ ਰਿਕਵਰੀ ਅਤੇ ਮੁੜ ਵਸੇਬਾ, ਸਰਜਰੀ ਤੋਂ ਰਿਕਵਰੀ, ਅਤੇ ਹੋਰ ਬਿਮਾਰੀਆਂ ਅਤੇ ਸੱਟਾਂ ਦਾ ਅਨੁਭਵ ਕਰ ਲੋਕ ਪੀਣ ਵਾਲੇ ਪਦਾਰਥਾਂ ਅਤੇ ਪੋਸ਼ਕ ਪਦਾਰਥਾਂ ਦਾ ਸੇਵਨ ਕਰਨ ਲਈ ਲਚਕੀਲੇ ਪਲਾਸਟਿਕ ਦੇ ਸਟ੍ਰਾਅ 'ਤੇ ਨਿਰਭਰ ਹੋ ਸਕਦੇ ਹਨ।

ਲਚਕੀਲੇ ਪਲਾਸਟਿਕ ਦੇ ਸਟ੍ਰਾਅ ਨੂੰ ਮੂੰਹ ਤਕ ਪਹੁੰਚਣ ਲਈ ਸਹੀ ਕੋਣ 'ਤੇ ਮੋੜਿਆ ਜਾ ਸਕਦਾ ਹੈ, ਅਤੇ ਫਿਰ ਉਹ ਆਪਣੀ ਸਥਿਤੀ ਬਰਕਰਾਰ ਰੱਖ ਸਕਦੇ ਹਨ। ਇਹ ਉਹਨਾਂ ਲੋਕਾਂ ਲਈ ਜ਼ਰੂਰੀ ਹੈ ਜੋ ਆਪਣੇ ਹੱਥਾਂ ਦੀ ਵਰਤੋਂ ਨਹੀਂ ਕਰ ਸਕਦੇ ਹਨ (ਜਾਂ ਉਹਨਾਂ ਨੂੰ ਵਰਤਣ ਵਿੱਚ ਮੁਸ਼ਕਲ ਹੁੰਦੀ ਹੈ), ਜਾਂ ਝੁਕੇ ਹੋਏ ਜਾਂ ਲੇਟੇ ਹੋਏ ਦੀ ਸਥਿਤੀ ਵਿੱਚ ਰਹਿੰਦੇ ਹਨ। ਪਲਾਸਟਿਕ ਦੇ ਸਟ੍ਰਾਅ ਉਦੋਂ ਤੱਕ ਰਹਿ ਸਕਦੇ ਹਨ ਜਦੋਂ ਤੱਕ ਲੋਕਾਂ ਨੂੰ ਪੀਣ ਵਾਲੇ ਪਦਾਰਥ ਅਤੇ ਤਰਲ ਭੋਜਨ ਦੀ ਵਰਤੋਂ ਕਰਨ ਲਈ ਉਹਨਾਂ ਦੀ ਲੋੜ ਹੁੰਦੀ ਹੈ, ਜਿਸ ਵਿੱਚ ਕਈ ਵਾਰ ਕਈ ਘੰਟੇ ਲੱਗ ਸਕਦੇ ਹਨ। ਜਦੋਂ ਵੱਖ-ਵੱਖ ਕਰਕੇ ਕਾਗਜ਼ ਵਿੱਚ ਲਪੇਟੇ ਜਾਂਦੇ ਹਨ, ਲਚਕੀਲੇ ਪਲਾਸਟਿਕ ਦੇ ਸਟ੍ਰਾਅ ਸਿਹਤ ਪੱਖੋਂ ਸਾਫ਼ ਹੁੰਦੇ ਹਨ ਅਤੇ ਕਮਜ਼ੋਰ ਪ੍ਰਤਿਰੱਖਿਆ ਪ੍ਰਣਾਲੀਆਂ ਵਾਲੇ ਲੋਕਾਂ ਦੀ ਰੱਖਿਆ ਕਰਦੇ ਹਨ।

ਕਾਗਜ਼, ਪਾਸਤਾ, ਧਾਤ, ਕੱਚ, ਐਕ੍ਰਿਲਿਕ, ਸਿਲੀਕੋਨ ਅਤੇ ਕੰਪੋਸਟਬਲ ਪਲਾਸਟਿਕ ਦੇ ਸਟ੍ਰਾਅ ਪਹੁੰਚਯੋਗ ਬਦਲ ਨਹੀਂ ਹਨ ਕਿਉਂਕਿ ਉਹਨਾਂ ਕਾਰਨ ਸੱਟ ਲੱਗ ਸਕਦੀ ਹਨ ਅਤੇ ਮੌਤ ਦਾ ਕਾਰਨ ਵੀ ਬਣ ਸਕਦੇ ਹਨ। ਕਾਗਜ਼ ਅਤੇ ਪਾਸਤਾ ਦੇ ਸਟ੍ਰਾਅ ਛੋਟੇ-ਛੋਟੇ ਟੁਕੜਿਆਂ ਵਿੱਚ ਚਬਾਏ ਜਾ ਸਕਦੇ ਹਨ ਅਤੇ ਦਮ ਘੁੱਟਣ ਦਾ ਖ਼ਤਰਾ ਬਣ ਸਕਦੇ ਹਨ। ਧਾਤ, ਕੱਚ ਅਤੇ ਐਕ੍ਰਿਲਿਕ ਸਟ੍ਰਾਅ ਹੱਥ ਹਿਲਾਉਣ ਸੰਬੰਧੀ ਕਮਜ਼ੋਰੀ ਵਾਲੇ ਲੋਕਾਂ ਦੇ ਨਾਲ ਚਿਪਕ ਸਕਦੇ ਹਨ ਜਾਂ ਹੱਥਾਂ ਵਿੱਚ ਫੱਸ ਸਕਦੇ ਹਨ, ਜਿਸ ਨਾਲ ਸੱਟ ਲੱਗ ਸਕਦੀ ਹੈ। ਪਾਸਤਾ ਅਤੇ ਪੌਦਿਆਂ ਵਰਗੇ ਜੈਵਿਕ ਪਦਾਰਥ ਤੋਂ ਪ੍ਰਾਪਤ ਕੁਝ ਪਲਾਸਟਿਕ ਐਲਰਜੀ ਦੇ ਕਾਰਨ ਬਣ ਸਕਦੇ ਹਨ। ਖਾਦ ਵਿੱਚ ਬਦਲਣ ਯੋਗ ਅਤੇ ਨਸ਼ਟ ਕਰਨ ਯੋਗ ਪਲਾਸਟਿਕ ਗਰਮ ਤਰਲ ਪਦਾਰਥਾਂ ਵਿੱਚ ਘੁਲ ਸਕਦੇ ਹਨ। ਸਿਲੀਕੋਨ ਸਟ੍ਰਾਅ ਅਤੇ ਸਿੱਧੇ ਪਲਾਸਟਿਕ ਦੇ ਸਟ੍ਰਾਅ ਨੂੰ ਜ਼ੋਰ ਨਾਲ ਮੋੜਿਆ ਜਾ ਸਕਦਾ ਹੈ ਪਰ ਉਹ ਆਪਣੀ ਸਥਿਤੀ ਬਰਕਰਾਰ ਨਹੀਂ ਰੱਖਦੇ ਹਨ; ਅਜਿਹਾ ਕਰਨ ਨਾਲ ਪੀਣ ਵਾਲੇ ਪਦਾਰਥਾਂ ਦੇ ਪ੍ਰਵਾਹ 'ਤੇ ਰੋਕ ਲੱਗ ਜਾਂਦੀ ਹੈ ਅਤੇ ਹਰ ਕਿਸੇ ਕੋਲ ਇੱਕ ਕੱਪ ਨੂੰ ਸਹੀ ਕੋਣ 'ਤੇ ਰੱਖਣ ਲਈ ਦੇਖਭਾਲ ਸਹਾਇਤਾ ਨਹੀਂ ਹੁੰਦੀ।

ਸਾਰਣੀ 1 ਦਿਖਾਉਂਦੀ ਹੈ ਕਿ ਕਿਵੇਂ ਵੱਖ-ਵੱਖ ਕਰਕੇ ਕਾਗਜ਼ ਵਿੱਚ ਲਪੇਟੇ ਲਚਕੀਲੇ ਪਲਾਸਟਿਕ ਦੇ ਸਟ੍ਰਾਅ, ਹੋਰ ਕਿਸਮਾਂ ਦੇ ਸਟ੍ਰਾਅ ਦੀ ਤੁਲਨਾ ਵਿੱਚ ਪਹੁੰਚਯੋਗਤਾ ਲੋੜਾਂ ਦੀ ਸਭ ਤੋਂ ਵਿਸ਼ਾਲ ਰੇਂਜ ਨੂੰ ਪੂਰਾ ਕਰਦੇ ਹਨ।

# ਪਲਾਸਟਿਕ ਸਟਾਅ ਬਾਰੇ ਉਪਿਨਯਮ - 22 ਅਪ੍ਰੈਲ 2020
# ਵਾਰ-ਵਾਰ ਪੁੱਛੇ ਜਾਂਦੇ ਪ੍ਰਸ਼ਨ

ਸਾਰਣੀ 1। ਵੱਖ-ਵੱਖ ਕਿਸਮਾਂ ਦੇ ਸਟ੍ਰਾਅ ਦੀ ਪਹੁੰਚਯੋਗਤਾ ਦੀ ਤੁਲਨਾ ਕਰਨਾ

| | ਪਹੁੰਚਯੋਗਤਾ ਮਾਪਦੰਡ | | | | | | | | |
|---|---|---|---|---|---|---|---|---|---|
| | ਦਮ ਘੁੱਟਣ ਦਾ ਕੋਈ ਖ਼ਤਰਾ ਨਹੀਂ | ਸੱਟ ਲੱਗਣ ਦਾ ਕੋਈ ਜੋਖਮ ਨਹੀਂ | ਭੋਜਨ ਸੰਬੰਧੀ ਐਲਰਜਨ ਦਾ ਕੋਈ ਜੋਖਮ ਨਹੀਂ | ਸਫਾਈ ਦੀ ਕੋਈ ਲੋੜ ਨਹੀਂ | ਖਪਤਕਾਰਾਂ ਲਈ ਘੱਟ ਕੀਮਤ | ਉੱਚ ਤਾਪਮਾਨਾਂ 'ਤੇ ਸੁਰੱਖਿਅਤ | ਸਥਿਤੀ ਵਿੱਚ ਰੱਖਣ ਯੋਗ | ਕਮਜ਼ੋਰ ਪ੍ਰਤਿਰੱਖਿਆ ਪ੍ਰਣਾਲੀ ਦੀ ਰੱਖਿਆ ਕਰਦਾ ਹੈ | ਸਾਰੇ ਮਾਪਦੰਡ ਪੂਰੇ ਕਰਦਾ ਹੈ |
| ਲਚਕੀਲੇ ਪਲਾਸਟਿਕ,* ਵੱਖ-ਵੱਖ ਕਰਕੇ ਲਪੇਟਿਆ | ✔ | ✔ | ✔ | ✔ | ✔ | ✔ | ✔ | ✔ | ✔ |
| ਲਚਕੀਲਾ ਪਲਾਸਟਿਕ,* ਲਪੇਟਿਆ ਨਹੀਂ | ✔ | ✔ | ✔ | ✔ | ✔ | ✔ | ✔ | | X |
| ਪਲਾਸਟਿਕ, ਸਿੱਧਾ | ✔ | ✔ | ✔ | ✔ | ✔ | ✔ | | ਜੇ ਲਪੇਟਿਆ ਜਾਵੇ | X |
| ਪਲਾਸਟਿਕ ਖਾਦ ਵਿੱਚ ਬਦਲਣ ਯੋਗ, ਨਸ਼ਟ ਕਰਨ ਯੋਗ ਜਾਂ ਪੌਦਿਆਂ ਤੋਂ ਬਣੇ ਪਲਾਸਟਿਕ ਵਜੋਂ ਵਰਣਿਤ | ✔ | ✔ | | ✔ | ✔ | | ਜੇ ਲਚਕੀਲਾ ਹੈ | ਜੇ ਲਪੇਟਿਆ ਜਾਵੇ | X |
| ਧਾਤ | ✔ | | ✔ | | | | | | X |
| ਗਲਾਸ | ✔ | | ✔ | | | | | | X |
| ਸਿਲੀਕੋਨ | ✔ | ✔ | ✔ | | | ✔ | | | X |
| ਐਕ੍ਰਿਲਿਕ | ✔ | | ✔ | | | | | | X |
| ਕਾਗਜ਼ | | ✔ | ✔ | ✔ | ✔ | | | | X |
| ਪਾਸਤਾ | | | | ✔ | ✔ | | | | X |

*ਚਾਰਟ ਵੈਨਕੂਵਰ ਸਿਟੀ ਦੁਆਰਾ ਅਸਮਰਥਤਾਵਾਂ ਵਾਲੇ ਲੋਕਾਂ ਨਾਲ ਹਿੱਸੇਦਾਰੀ ਸਲਾਹ-ਮਸ਼ਵਰੇ, ਵੈਨਕੂਵਰ ਸਿਟੀ ਦੀ ਅਸਮਰਥਤਾਵਾਂ ਵਾਲੇ ਲੋਕਾਂ ਲਈ ਕਮੇਟੀ ਅਤੇ https://twitter.com/_sbsmith/status/998632056241307649 ਦੇ ਅਧਾਰ 'ਤੇ ਬਣਾਇਆ ਗਿਆ*

**ਪੂਰੀ ਤਰ੍ਹਾਂ ਨਾਲ ਜੈਵਿਕ ਬਾਲਣ ਉਤਪਾਦਾਂ ਤਰ੍ਹਾਂ ਨਾਲ ਤੋਂ ਬਣੇ ਪਲਾਸਟਿਕ*

### ਕੀ ਸਾਰੇ ਭੋਜਨ ਵਿਕ੍ਰੇਤਾਵਾਂ ਨੂੰ ਪਹੁੰਚਯੋਗਤਾ ਲਈ, ਵੱਖ-ਵੱਖ ਕਰਕੇ ਕਾਗਜ਼ ਵਿੱਚ ਲਪੇਟੇ ਗਏ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਮੁਹੱਈਆ ਕਰਨ ਦੀ ਲੋੜ ਹੈ?

ਹਾਂ, 22 ਅਪ੍ਰੈਲ 2020 ਤੋਂ ਪ੍ਰਭਾਵੀ, ਸਾਰੇ ਭੋਜਨ ਵਿਕ੍ਰੇਤਾ ਕਾਰੋਬਾਰਾਂ (ਜਿਵੇਂ ਕਿ ਰੈਸਟੋਰੈਂਟ, ਕੈਫੇ, ਟੇਕ-ਆਊਟ ਕਾਉਂਟਰ, ਪੀਣ ਵਾਲੇ ਪਦਾਰਥਾਂ ਦੀਆਂ ਦੁਕਾਨਾਂ, ਕਨਸੈਸ਼ਨ, ਆਦਿ), ਚੈਰੀਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਨੂੰ ਉਪਨਿਯਮ ਦੇ ਅਧੀਨ ਵੱਖ-ਵੱਖ ਕਰਕੇ ਕਾਗਜ਼ ਵਿੱਚ ਲਪੇਟੇ ਗਏ, ਲਚਕੀਲੇ ਪਲਾਸਟਿਕ ਦੇ ਸਟ੍ਰਾਅ ਰੱਖਣ ਅਤੇ ਬੇਨਤੀ ਕਰਨ 'ਤੇ ਗਾਹਕਾਂ ਨੂੰ ਮੁਹੱਈਆ ਕਰਨ ਦੀ ਲੋੜ ਹੈ।

### ਕੀ ਸਪਲਾਇਰਾਂ ਦੀ ਕੋਈ ਸੂਚੀ ਹੈ ਜੋ ਵੱਖ-ਵੱਖ ਕਰਕੇ ਕਾਗਜ਼ ਵਿੱਚ ਲਪੇਟੇ ਗਏ, ਲਚਕੀਲੇ ਪਲਾਸਟਿਕ ਦੇ ਸਟ੍ਰਾਅ ਵੇਚਦੇ ਹਨ?

ਹਾਂ। ਕਾਗਜ਼ ਵਿੱਚ ਲਿਪਟੇ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਵੇਚਣ ਵਾਲੇ ਸਪਲਾਇਰਾਂ ਦੀ ਇੱਕ ਸੂਚੀ **vancouver.ca/straws** 'ਤੇ ਉਪਲਬਧ ਹੈ

**ਭੋਜਨ ਵਿਕ੍ਰੇਤਾਵਾਂ ਨੂੰ ਕਿਵੇਂ ਪਤਾ ਲੱਗੇਗਾ ਕਿ ਕਿਸੇ ਨੂੰ ਪਹੁੰਚਯੋਗਤਾ ਲਈ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਦੀ ਲੋੜ ਹੈ?**

ਲਚਕੀਲੇ ਪਲਾਸਟਿਕ ਦੇ ਸਟ੍ਰਾਅ ਮੰਗਣ ਵਾਲੇ ਕਿਸੇ ਵੀ ਵਿਅਕਤੀ ਨੂੰ ਇਹ ਮਿਲਣਾ ਚਾਹੀਦਾ ਹੈ। ਲੋਕਾਂ ਨੂੰ ਆਪਣੀ ਲੋੜ ਸਾਬਤ ਕਰਨ ਲਈ ਕੋਈ ਡਾਕਟਰੀ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਨਹੀਂ ਹੈ ਅਤੇ ਉਹਨਾਂ ਤੋਂ ਇਹ ਨਹੀਂ ਮੰਗੀ ਜਾਣੀ ਚਾਹੀਦੀ।

ਗਾਹਕਾਂ ਨੂੰ ਇਹ ਦੱਸਣ ਲਈ ਕਿ ਵੱਖ-ਵੱਖ ਕਰਕੇ ਕਾਗਜ਼ ਵਿੱਚ ਲਪੇਟੇ ਗਏ, ਲਚਕੀਲੇ ਪਲਾਸਟਿਕ ਦੇ ਸਟ੍ਰਾਅ, ਬੇਨਤੀ ਕਰਨ ਤੇ, ਪਹੁੰਚਯੋਗਤਾ ਲਈ ਉਪਲਬਧ ਹਨ, ਭੋਜਨ ਵਿਕ੍ਰੇਤਾਵਾਂ ਨੂੰ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਮੀਨੂ ਚਿੰਨ੍ਹ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

**ਲਚਕੀਲੇ ਪਲਾਸਟਿਕ ਦੇ ਸਟ੍ਰਾਅ ਦੇ ਮੀਨੂ ਚਿੰਨ੍ਹ ਵਿੱਚ ਵ੍ਹੀਲਚੇਅਰ ਚਿੰਨ੍ਹ ਦੀ ਵਰਤੋਂ ਕਿਉਂ ਕੀਤੀ ਗਈ ਹੈ?**

ਮੀਨੂ ਚਿੰਨ੍ਹ ਨੂੰ ਵੈਨਕੂਵਰ ਸਿਟੀ ਦੇ ਵੈਨਕੂਵਰ ਦੀ ਅਸਮਰਥਤਾਵਾਂ ਵਾਲੇ ਲੋਕਾਂ ਲਈ ਸਲਾਹਕਾਰੀ ਕਮੇਟੀ (Persons with Disabilities Advisory Committee) ਦੇ ਨਾਲ ਸਲਾਹ-ਮਸ਼ਵਰੇ ਵਿੱਚ ਤਿਆਰ ਕੀਤਾ ਗਿਆ ਸੀ। ਵ੍ਹੀਲਚੇਅਰ ਦਾ ਚਿੰਨ੍ਹ ਪਹੁੰਚ ਦਾ ਅੰਤਰਰਾਸ਼ਟਰੀ ਚਿੰਨ੍ਹ ਹੈ। ਲਚਕੀਲੇ ਪਲਾਸਟਿਕ ਸਟ੍ਰਾਅ ਦਾ ਮੀਨੂ ਚਿੰਨ੍ਹ ਹੇਠਾਂ ਦਿੱਤੇ ਕਾਰਨਾਂ ਕਰਕੇ ਇਸ ਚਿੰਨ੍ਹ ਦੀ ਵਰਤੋਂ ਕਰਦਾ ਹੈ:

- ਚਿੰਨ੍ਹ ਨੂੰ ਆਮ ਲੋਕਾਂ ਦੁਆਰਾ ਵਿਆਪਕ ਤੌਰ 'ਤੇ ਸਮਝਿਆ ਜਾਂਦਾ ਹੈ
- ਚਿੰਨ੍ਹ ਇਸ ਗੱਲ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਦਦ ਕਰਦਾ ਹੈ ਕਿ ਲੋਕਾਂ ਨੂੰ ਪਹੁੰਚਯੋਗਤਾ ਦੀਆਂ ਲੋੜਾਂ ਲਈ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਮੁਹੱਈਆ ਕੀਤੇ ਜਾਣੇ ਚਾਹੀਦੇ ਹਨ
- ਗੈਰ-ਅਸਮਰਥ ਗਾਹਕਾਂ ਲਈ, ਇਹ ਚਿੰਨ੍ਹ ਇਸ ਗੱਲ ਨੂੰ ਹੋਰ ਮਜ਼ਬੂਤ ਕਰਦਾ ਹੈ ਕਿ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਸਹੂਲਤ ਲਈ ਨਹੀਂ ਹਨ, ਬਲਕਿ ਉਹਨਾਂ ਲੋਕਾਂ ਲਈ ਉਪਲਬਧ ਹਨ ਜਿਨ੍ਹਾਂ ਨੂੰ ਸੁਰੱਖਿਅਤ ਢੰਗ ਨਾਲ ਪੀਣ ਵਾਲੇ ਪਦਾਰਥਾਂ ਅਤੇ ਪੋਸ਼ਕ ਪਦਾਰਥਾਂ ਦਾ ਸੇਵਨ ਕਰਨ ਲਈ ਇਹਨਾਂ ਦੀ ਲੋੜ ਹੈ

*ਮਹੱਤਵਪੂਰਨ ਨੋਟ:* ਮੀਨੂ ਚਿੰਨ੍ਹ ਇਹ ਦੱਸਣ ਦੇ ਇਰਾਦੇ ਨਾਲ ਨਹੀਂ ਹੈ ਕਿ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਸਿਰਫ ਵ੍ਹੀਲਚੇਅਰਾਂ ਵਾਲੇ ਲੋਕਾਂ ਲਈ ਹਨ। ਸਿਟੀ ਦਾ ਮੰਨਣਾ ਹੈ ਕਿ ਦ੍ਰਿਸ਼ਟ ਅਤੇ ਅਦਿੱਖ ਅਸਮਰਥਤਾਵਾਂ ਜਾਂ ਡਾਕਟਰੀ ਸਥਿਤੀਆਂ ਵਾਲੇ ਲੋਕਾਂ ਨੂੰ ਪੀਣ ਵਾਲੇ ਪਦਾਰਥਾਂ ਅਤੇ ਪੋਸ਼ਕ ਪਦਾਰਥਾਂ ਦਾ ਸੁਰੱਖਿਅਤ ਢੰਗ ਨਾਲ ਸੇਵਨ ਕਰਨ ਲਈ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਦੀ ਲੋੜ ਹੋ ਸਕਦੀ ਹੈ।

**ਕੀ ਬੱਬਲ ਟੀ ਵਿਕ੍ਰੇਤਾਵਾਂ ਨੂੰ ਪਹੁੰਚਯੋਗਤਾ ਲਈ ਬੇਨਤੀ ਕੀਤੇ ਜਾਣ 'ਤੇ, ਵੱਖ-ਵੱਖ ਕਰਕੇ ਕਾਗਜ਼ ਵਿੱਚ ਲਪੇਟੇ ਗਏ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਮੁਹੱਈਆ ਕਰਨ ਦੀ ਲੋੜ ਹੈ?**

ਹਾਂ। ਉਪਨਿਯਮ ਅਨੁਸਾਰ ਸਾਰੇ ਭੋਜਨ ਵਿਕ੍ਰੇਤਾਵਾਂ ਨੂੰ ਬੇਨਤੀ ਕਰਨ 'ਤੇ ਗਾਹਕਾਂ ਨੂੰ ਵੱਖ-ਵੱਖ ਕਰਕੇ ਕਾਗਜ਼ ਵਿੱਚ ਲਪੇਟੇ ਗਏ, ਲਚਕੀਲੇ ਪਲਾਸਟਿਕ ਦੇ ਸਟ੍ਰਾਅ ਮੁਹੱਈਆ ਕਰਨ ਦੀ ਲੋੜ ਹੁੰਦੀ ਹੈ।

### ਕਿਸ ਨੂੰ ਅਤੇ ਕਿਸ ਚੀਜ਼ ਨੂੰ ਪਲਾਸਟਿਕ ਦੇ ਸਟ੍ਰਾਅ ਬਾਰੇ ਉਪਨਿਯਮ ਤੋਂ ਛੋਟ ਹੈ?

ਹਸਪਤਾਲ ਅਤੇ ਕਮਿਉਨਿਟੀ ਕੇਅਰ ਸਹੂਲਤਾਂ: ਹਸਪਤਾਲਾਂ ਵਿੱਚ ਮਰੀਜ਼ਾਂ ਲਈ ਭੋਜਨ ਸੇਵਾ ਜਾਂ ਕਮਿਉਨਿਟੀ ਕੇਅਰ ਅਦਾਰਿਆਂ ਦੇ ਵਸਨੀਕਾਂ 'ਤੇ ਪਲਾਸਟਿਕ ਦੇ ਸਟ੍ਰਾਅ ਬਾਰੇ ਉਪਨਿਯਮ ਲਾਗੂ ਨਹੀਂ ਹੁੰਦਾ ਹੈ।

*ਮਹੱਤਵਪੂਰਨ:* ਪਲਾਸਟਿਕ ਸਟ੍ਰਾਅ ਬਾਰੇ ਉਪਨਿਯਮ ਵੈਨਕੂਵਰ ਵਿੱਚ ਕਾਰੋਬਾਰੀ ਲਾਇਸੈਂਸ ਵਾਲੇ ਉਹਨਾਂ ਖਾਣੇ ਦੇ ਵਿਕ੍ਰੇਤਾਵਾਂ 'ਤੇ ਲਾਗੂ ਹੁੰਦਾ ਹੈ ਜਿਨ੍ਹਾਂ ਦੇ ਕਾਰੋਬਾਰ ਹਸਪਤਾਲਾਂ ਜਾਂ ਕਮਿਉਨਿਟੀ ਕੇਅਰ ਅਦਾਰਿਆਂ ਵਿੱਚ ਸਥਿਤ ਹਨ। (ਉਦਾਹਰਨ ਲਈ: ਕੈਫੇਟੇਰੀਆ, ਕੈਫੇ) ਜੋ ਗਾਹਕਾਂ ਨੂੰ ਪਕਾਇਆ ਹੋਇਆ ਭੋਜਨ ਦਿੰਦੇ ਹਨ।

ਪੀਣ ਵਾਲੇ ਪਦਾਰਥ ਦੇ ਡੱਬੇ ਅਤੇ ਪਾਉਚ: ਉਪਨਿਯਮ ਪੀਣ ਵਾਲੇ ਪਦਾਰਥਾਂ ਦੇ ਡੱਬਿਆਂ ਅਤੇ ਪੀਣ ਵਾਲੇ ਪਦਾਰਥਾਂ ਦੇ ਪਾਉਚਾਂ ਨਾਲ ਜੁੜੇ ਪਲਾਸਟਿਕ ਦੇ ਸਟ੍ਰਾਅ 'ਤੇ ਲਾਗੂ ਨਹੀਂ ਹੁੰਦਾ ਹੈ।

ਪਲਾਸਟਿਕ ਸਟ੍ਰਾਅ ਦੇ ਪੈਕੇਜ ਵੇਚਣੇ: ਰਿਟੇਲਰਾਂ ਨੂੰ ਹਾਲੇ ਵੀ ਨਿੱਜੀ ਵਰਤੋਂ ਲਈ ਘੱਟੋ-ਘੱਟ 20 ਪਲਾਸਟਿਕ ਦੇ ਸਟ੍ਰਾਅ ਦੇ ਪੈਕੇਜ ਵੇਚਣ ਦੀ ਇਜਾਜ਼ਤ ਹੈ।

ਇਕ ਸਾਲ ਦੀ ਬੱਬਲ ਟੀ ਸਟ੍ਰਾਅ ਦੀ ਛੋਟ: ਬੱਬਲ ਟੀ ਪਰੋਸਣ ਵਾਲੇ ਭੋਜਨ ਵਿਕ੍ਰੇਤਾਵਾਂ ਨੂੰ ਬੱਬਲ ਟੀ ਦੇ ਨਾਲ ਪਰੋਸੇ ਜਾਣ ਵਾਲੇ ਪਲਾਸਟਿਕ ਦੇ ਸਟ੍ਰਾਅ 'ਤੇ ਪਾਬੰਦੀ ਤੋਂ ਇੱਕ ਸਾਲ (ਅਪ੍ਰੈਲ 2020 - ਅਪ੍ਰੈਲ 2021) ਦੀ ਛੋਟ ਦਿੱਤੀ ਗਈ ਸੀ। ਛੋਟ ਦਾ ਉਦੇਸ਼ ਬੱਬਲ-ਟੀ ਕਾਰੋਬਾਰਾਂ ਨੂੰ ਪਲਾਸਟਿਕ ਦੇ ਸਟ੍ਰਾਅ 'ਤੇ ਪਾਬੰਦੀ ਲਈ ਤਿਆਰੀ ਕਰਨ ਅਤੇ ਮਾਰਕੀਟ ਨੂੰ ਅਜਿਹੇ ਬਦਲਵੇਂ ਬੱਬਲ-ਟੀ ਸਟ੍ਰਾਅ ਦੀ ਪੇਸ਼ਕਸ਼ ਕਰਨ ਲਈ ਸਮਾਂ ਦੇਣਾ ਸੀ ਜੋ ਪਲਾਸਟਿਕ (ਜਿਨ੍ਹਾਂ ਵਿੱਚ ਜੈਵਿਕ ਬਾਲਣ ਉਤਪਾਦਾਂ ਤੋਂ ਬਣੇ ਪਲਾਸਟਿਕ, ਖਾਦ ਵਿੱਚ ਬਦਲਣ ਯੋਗ, ਨਸ਼ਟ ਕਰਨ ਯੋਗ ਜਾਂ ਬਾਇਓਪਲਾਸਟਿਕ ਵਜੋਂ ਲੇਬਲ ਕੀਤੇ ਜਾਂ ਵਰਣਨ ਕੀਤੇ ਪਲਾਸਟਿਕ ਅਤੇ ਪੌਦਿਆਂ ਜਾਂ ਹੋਰ ਜੀਵ-ਵਿਗਿਆਨਕ ਪਦਾਰਥਾਂ ਤੋਂ ਬਣੇ ਪਲਾਸਟਿਕ ਸ਼ਾਮਲ ਹੈ) ਤੋਂ ਨਾ ਬਣੇ ਹੋਣ। 22 ਅਪ੍ਰੈਲ 2021 ਨੂੰ, ਬੱਬਲ-ਟੀ ਪਰੋਸਣ ਵਾਲੇ ਭੋਜਨ ਵਿਕ੍ਰੇਤਾਵਾਂ ਲਈ ਪਲਾਸਟਿਕ ਦੇ ਸਟ੍ਰਾਅ 'ਤੇ ਪਾਬੰਦੀ ਦੀ ਪਾਲਣਾ ਕਰਨਾ ਲਾਜ਼ਮੀ ਹੈ।

### ਹਸਪਤਾਲਾਂ ਅਤੇ ਕਮਿਉਨਿਟੀ ਕੇਅਰ ਅਦਾਰਿਆਂ ਨੂੰ ਪਲਾਸਟਿਕ ਸਟ੍ਰਾਅ ਬਾਰੇ ਉਪਨਿਯਮ ਤੋਂ ਛੋਟ ਕਿਉਂ ਦਿੱਤੀ ਗਈ ਹੈ?

ਹਸਪਤਾਲਾਂ ਅਤੇ ਕਮਿਉਨਿਟੀ ਕੇਅਰ ਅਦਾਰਿਆਂ ਲਈ ਉਪਨਿਯਮ ਤੋਂ ਛੋਟ ਸਿਹਤ ਸੰਸਥਾਵਾਂ ਨੂੰ ਇਨਫੈਕਸ਼ਨ ਕੰਟਰੋਲ, ਕੰਮ ਕਰਨ ਦੀ ਥਾਂ ਦੀ ਸਿਹਤ ਅਤੇ ਸੁਰੱਖਿਆ ਅਤੇ ਮਰੀਜ਼ਾਂ ਦੀ ਦੇਖਭਾਲ ਦੇ ਮਿਆਰਾਂ ਨੂੰ ਪੂਰਾ ਕਰਨ ਲਈ ਸਿਹਤ ਦੇਖਭਾਲ ਦੀਆਂ ਜ਼ਰੂਰਤਾਂ 'ਤੇ ਧਿਆਨ ਦੇਣ ਲਈ ਲਚਕਤਾ ਦਿੰਦੀ ਹੈ। ਉਦਾਹਰਣ ਵਜੋਂ, ਲਾਗ ਦੇ ਫੈਲਣ ਦੇ ਜੋਖਮ ਨੂੰ ਘਟਾਉਣ ਲਈ ਹਸਪਤਾਲ ਦੇ ਮਰੀਜ਼ਾਂ ਨੂੰ ਤਿਆਰ ਭੋਜਨ ਪਰੋਸਣ ਲਈ ਕੁਝ ਇੱਕੋ-ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਜ਼ਰੂਰੀ ਹਨ, ਅਤੇ ਸੁਰੱਖਿਆ ਚਿੰਤਾਵਾਂ ਨੂੰ ਦੂਰ ਕਰਨ ਲਈ ਮਾਨਸਿਕ ਰੋਗਾਂ ਦੀਆਂ ਇਕਾਈਆਂ ਵਿੱਚ ਇੱਕੋ-ਵਾਰੀ ਵਰਤੇ ਜਾਣ ਵਾਲੇ ਪਲਾਸਟਿਕ ਦੇ ਕਾਂਟੇ-ਛੁਰੀਆਂ ਇੱਕ ਤਰਜੀਹੀ ਵਿਕਲਪ ਹੈ।

ਸਿਟੀ ਨੂੰ ਪਤਾ ਹੈ ਕਿ ਸਿਹਤ ਸੰਸਥਾਵਾਂ ਨਿਰੰਤਰ ਅਧਾਰ 'ਤੇ ਸਿਹਤ ਦੇਖਭਾਲ ਵਿੱਚ ਇੱਕੋ-ਵਾਰੀ ਵਰਤੀਆਂ ਜਾਣ ਵਾਲੀਆਂ ਵਸਤਾਂ ਦੀ ਵੰਡ ਨੂੰ ਘਟਾਉਣ ਦੇ ਮੌਕਿਆਂ ਦੀ ਜਾਂਚ ਕਰ ਰਹੀਆਂ ਹਨ।

### ਵਿਅਕਤੀਗਤ/ਘਰੇਲੂ ਵਰਤੋਂ ਲਈ ਵੇਚੇ ਜਾਂਦੇ ਸਟ੍ਰਾਅ ਨੂੰ ਹਾਲੇ ਵੀ ਇਜਾਜ਼ਤ ਕਿਉਂ ਹੈ?

ਸਿੰਗਲ-ਯੂਜ਼ ਆਈਟਮਾਂ ਨੂੰ ਘਟਾਉਣ ਦੀ ਰਣਨੀਤੀ ਉਹਨਾਂ ਚੀਜ਼ਾਂ ਨੂੰ ਨਿਸ਼ਾਨਾ ਬਣਾਉਂਦੀ ਹੈ ਜੋ ਆਮ ਤੌਰ 'ਤੇ ਜਗ੍ਹਾ-ਜਗ੍ਹਾ 'ਤੇ ਸੁੱਟੇ ਜਾਂਦੇ ਹਨ ਅਤੇ ਨਿੱਜੀ ਵਰਤੋਂ ਲਈ ਵੇਚੇ ਗਏ ਉਤਪਾਦਾਂ ਨੂੰ ਕਵਰ ਨਹੀਂ ਕਰਦੀ। ਜਿਨ੍ਹਾਂ ਲੋਕਾਂ ਨੂੰ ਪੀਣ ਵਾਲੇ ਪਦਾਰਥਾਂ ਅਤੇ ਪੋਸ਼ਕ ਪਦਾਰਥਾਂ ਨੂੰ ਸੁਰੱਖਿਅਤ ਢੰਗ ਨਾਲ ਸੇਵਨ ਕਰਨ ਲਈ ਇੱਕ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਦੀ ਲੋੜ ਹੁੰਦੀ ਹੈ ਉਹਨਾਂ ਘਰ ਵਿੱਚ ਵਰਤੋਂ ਲਈ ਪਲਾਸਟਿਕ ਦੇ ਸਟ੍ਰਾਅ ਖਰੀਦਣ ਦੇ ਸਮਰੱਥ ਹੋਣਾ ਚਾਹੀਦਾ ਹੈ। ਰਿਟੇਲਰਾਂ ਨੂੰ ਹਾਲੇ ਵੀ ਨਿੱਜੀ ਵਰਤੋਂ ਲਈ ਘੱਟੋ-ਘੱਟ 20 ਪਲਾਸਟਿਕ ਦੇ ਸਟ੍ਰਾਅ ਦੇ ਪੈਕੇਜ ਵੇਚਣ ਦੀ ਇਜਾਜ਼ਤ ਹੈ।

**ਕੀ ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਲਈ ਇਸ ਉਪਨਿਯਮ ਦੀ ਪਾਲਣਾ ਕਰਨਾ ਲਾਜ਼ਮੀ ਹੈ?**

ਹਾਂ। ਚੈਰੀਟੇਬਲ ਭੋਜਨ ਸੇਵਾਵਾਂ ਮੁਹੱਈਆ ਕਰਨ ਵਾਲੀਆਂ ਰਜਿਸਟਰਡ ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਕਾਰਪੋਰੇਸ਼ਨਾਂ ਸਮੇਤ, ਉਹ ਸਾਰੇ ਸੰਗਠਨ ਜਿਨ੍ਹਾਂ ਨੂੰ ਵੈਨਕੂਵਰ ਦੇ ਲਾਇਸੈਂਸ ਉਪਨਿਯਮ ਨੰਬਰ 4450 ਦੇ ਤਹਿਤ ਵਪਾਰਕ ਲਾਇਸੈਂਸ ਰੱਖਣ ਦੀ ਲੋੜ ਹੈ, ਲਈ ਇਸ ਉਪਨਿਯਮ ਦੀ ਪਾਲਣਾ ਕਰਨਾ ਲਾਜ਼ਮੀ ਹੈ।

"ਚੈਰੀਟੇਬਲ ਭੋਜਨ ਸੇਵਾਵਾਂ" ਨੂੰ ਕਿਸੇ ਸੰਸਥਾ ਦੁਆਰਾ ਮੁਫ਼ਤ ਜਾਂ ਘੱਟ ਕੀਮਤ 'ਤੇ ਭੋਜਨ ਮੁਹੱਈਆ ਕਰਨ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਸੋਸਾਇਟੀਜ਼ ਐਕਟ ਦੇ ਅਧੀਨ ਨਿਗਮਿਤ ਹੈ ਅਤੇ ਚੰਗੀ ਸਥਿਤੀ ਵਿੱਚ ਹੈ, ਜਾਂ ਫੈਡਰਲ ਇਨਕਮ ਟੈਕਸ ਕਾਨੂੰਨ ਦੇ ਅਧੀਨ ਇੱਕ ਚੈਰੀਟੇਬਲ ਸੰਸਥਾ ਵਜੋਂ ਰਜਿਸਟਰਡ ਹੈ।

ਧਿਆਨ ਦਿਓ: ਕੋਵਿਡ-19 ਦੇ ਦੌਰਾਨ, ਚੈਰੀਟੇਬਲ ਭੋਜਨ ਸੇਵਾਵਾਂ ਪਲਾਸਟਿਕ ਦੇ ਸਟ੍ਰਾਅ ਸਮੇਤ, ਭੋਜਨ ਪਦਾਰਥਾਂ ਜਾਂ ਭੋਜਨ ਦੇ ਨਾਲ ਸਿੰਗਲ-ਯੂਜ਼ ਚੀਜ਼ਾਂ ਦੀ ਵੰਡ ਕਰਨਾ ਜਾਰੀ ਰੱਖ ਸਕਦੀਆਂ ਹਨ, ਪਰ ਉਹਨਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਜਿੰਨੀ ਜਲਦੀ ਸੰਭਵ ਹੋ ਸਕੇ ਉਪਨਿਯਮਾਂ ਦੀ ਪਾਲਣਾ ਕਰਨ ਵੱਲ ਕੰਮ ਕਰਨਾ ਸ਼ੁਰੂ ਕਰਨ।

**ਕੀ ਫੂਡ ਡਿਲੀਵਰੀ ਸੇਵਾਵਾਂ ਨੂੰ ਪਲਾਸਟਿਕ ਦੇ ਸਟ੍ਰਾਅ ਬਾਰੇ ਉਪਨਿਯਮ ਦੀ ਪਾਲਣਾ ਕਰਨ ਦੀ ਲੋੜ ਹੈ?**

ਜੇ ਕੋਈ ਕਾਰੋਬਾਰ ਸਿਰਫ ਡਿਲੀਵਰੀ ਸੇਵਾਵਾਂ ਪ੍ਰਦਾਨ ਕਰਦਾ ਹੈ ਅਤੇ ਤਿਆਰ ਭੋਜਨ ਨਹੀਂ ਵੇਚਦਾ, ਤਾਂ ਇਹ ਉਪ-ਨਿਯਮ ਉਹਨਾਂ 'ਤੇ ਸਿੱਧਾ ਲਾਗੂ ਨਹੀਂ ਹੁੰਦਾ ਹੈ। ਪਰ, ਵੈਨਕੂਵਰ ਵਿੱਚ ਸਥਿਤ ਭੋਜਨ ਵਿਕ੍ਰੇਤਾਵਾਂ ਨੂੰ ਉਪਨਿਯਮ ਦਾ ਲਾਜ਼ਮੀ ਪਾਲਣ ਕਰਨਾ ਚਾਹੀਦਾ ਹੈ, ਜਿਸ ਵਿੱਚ ਭੋਜਨ ਡਿਲੀਵਰੀ ਸੇਵਾਵਾਂ ਦੁਆਰਾ ਵਿਕਰੀ ਵੀ ਸ਼ਾਮਲ ਹੈ। ਸਾਰੇ ਭੋਜਨ ਡਿਲੀਵਰੀ ਸੇਵਾ ਪ੍ਰਦਾਨਕਾਂ ਨੂੰ ਆਪਣੇ ਆਨਲਾਈਨ, ਮੋਬਾਈਲ ਅਤੇ ਟੈਲੀਫੋਨ ਆਰਡਰਿੰਗ ਪਲੇਟਫਾਰਮਾਂ ਨੂੰ ਅੱਪਡੇਟ ਕਰਨਾ ਚਾਹੀਦਾ ਹੈ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ, ਜੇ ਪਹੁੰਚਣਯੋਗਤਾ ਲਈ ਲੋੜੀਂਦਾ ਹੋਵੇ, ਤਾਂ ਗਾਹਕ ਵੈਨਕੂਵਰ ਵਿੱਚ ਸਥਿਤ ਭੋਜਨ ਵਿਕ੍ਰੇਤਾਵਾਂ ਤੋਂ ਵੱਖ-ਵੱਖ ਕਰਕੇ ਕਾਗਜ਼ ਵਿੱਚ ਲਪੇਟੇ ਗਏ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਦੀ ਬੇਨਤੀ ਕਰ ਸਕਣ।

ਇੱਥੇ ਵੈਨਕੂਵਰ ਵਿੱਚ ਸਥਿਤ ਭੋਜਨ ਵਿਕ੍ਰੇਤਾਵਾਂ ਲਈ ਨਮੂਨਾ ਸ਼ਬਦ ਹਨ ਜੋ ਭੋਜਨ ਡਿਲੀਵਰੀ ਸੇਵਾਵਾਂ ਆਪਣੇ ਆਰਡਰਿੰਗ ਪਲੇਟਫਾਰਮਾਂ 'ਤੇ ਵਰਤ ਸਕਦੀਆਂ ਹਨ:

> ***ਲਚਕੀਲੇ ਪਲਾਸਟਿਕ ਦੇ ਸਟ੍ਰਾਅ (ਪਹੁੰਚਯੋਗਤਾ ਲਈ)***
> *ਲਚਕੀਲੇ ਪਲਾਸਟਿਕ ਦੇ ਸਟ੍ਰਾਅ ਉਹਨਾਂ ਗਾਹਕਾਂ ਲਈ ਉਪਲਬਧ ਹਨ ਜੋ ਸਟ੍ਰਾਅ ਦੇ ਬਿਨਾਂ ਪੀ ਨਹੀਂ ਸਕਦੇ ਹਨ, ਜਾਂ ਜਿਨ੍ਹਾਂ ਨੂੰ ਪੀਣ ਵਿੱਚ ਮੁਸ਼ਕਲ ਹੁੰਦੀ ਹੈ, ਤਾਂ ਜੋ ਉਹ ਪੀਣ ਅਤੇ ਪੋਸ਼ਕ ਪਦਾਰਥਾਂ ਦਾ ਸੁਰੱਖਿਅਤ ਤਰੀਕੇ ਨਾਲ ਸੇਵਨ ਕਰ ਸਕਣ।*

ਅਸੀਂ ਇਹ ਦਰਸਾਉਣ ਲਈ ਕਿ ਲਚਕੀਲੇ ਪਲਾਸਟਿਕ ਦੇ ਸਟ੍ਰਾਅ ਪਹੁੰਚਯੋਗਤਾ ਲਈ ਉਪਲਬਧ ਹਨ, ਭੋਜਨ ਡਿਲੀਵਰੀ ਪਲੇਟਫਾਰਮਾਂ 'ਤੇ ਇਸ ਮੀਨੂ ਚਿੰਨ੍ਹ ਨੂੰ ਸ਼ਾਮਲ ਕਰਨ ਦੀ ਸਿਫ਼ਾਰਸ਼ ਕਰਦੇ ਹਾਂ:
ਚਿੰਨ੍ਹ ਨੂੰ **vancouver.ca/straws** ਤੋਂ ਡਾਊਨਲੋਡ ਕਰੋ




**ਪਲਾਸਟਿਕ ਸਟ੍ਰਾਅ ਬਾਰੇ ਉਪਨਿਯਮ ਲਾਗੂ ਹੋਣ ਤੋਂ ਬਾਅਦ ਮੈਨੂੰ ਪਲਾਸਟਿਕ ਦੇ ਸਟ੍ਰਾਅ ਦੇ ਕਿਸੇ ਵੀ ਬਚੇ ਸਟਾਕ ਦਾ ਕੀ ਕਰਨਾ ਚਾਹੀਦਾ ਹੈ?**

ਜੇ ਉਪਨਿਯਮ ਦੇ ਲਾਗੂ ਹੋਣ ਤੋਂ ਬਾਅਦ, ਤੁਹਾਡੇ ਕੋਲ ਪਲਾਸਟਿਕ ਦੇ ਸਟ੍ਰਾਅ ਦਾ ਬਚਿਆ ਹੋਇਆ ਸਟਾਕ ਹੈ, ਤਾਂ ਅਸੀਂ ਉਨ੍ਹਾਂ ਨੂੰ ਦੂਜੇ ਅਧਿਕਾਰ ਖੇਤਰਾਂ ਵਿੱਚ ਉਹਨਾਂ ਕਾਰੋਬਾਰਾਂ ਨੂੰ ਵੇਚਣ ਜਾਂ ਦਾਨ ਕਰਨ ਦੀ ਸਿਫ਼ਾਰਸ਼ ਕਰਦੇ ਹਾਂ ਜਿਨ੍ਹਾਂ 'ਤੇ ਇਸ ਵੇਲੇ ਪਲਾਸਟਿਕ ਦੇ ਸਟ੍ਰਾਅ 'ਤੇ ਪਾਬੰਦੀ ਨਹੀਂ ਹੈ।

# ਪਲਾਸਿਟਕ ਸਟਾਅ ਬਾਰੇ ਉਪਿਨਯਮ - 22 ਅਪ੍ਰੈਲ 2020
# ਵਾਰ-ਵਾਰ ਪੁੱਛੇ ਜਾਂਦੇ ਪ੍ਰਸ਼ਨ

**ਕੀ ਕੋਈ ਗ੍ਰੇਸ ਮਿਆਦ ਹੋਵੇਗੀ ਜਿਸ ਦੌਰਾਨ ਕਾਰੋਬਾਰ ਆਪਣੇ ਬਾਕੀ ਬਚੇ ਪਲਾਸਟਿਕ ਦੇ ਸਟ੍ਰਾਅ ਦੀ ਵਰਤੋਂ ਕਰ ਸਕਦੇ ਹਨ?**

ਨਹੀਂ, 22 ਅਪ੍ਰੈਲ 2020 ਨੂੰ ਉਪਨਿਯਮ ਲਾਗੂ ਹੋਣ ਤੋਂ ਬਾਅਦ ਪਾਬੰਦੀਸ਼ੁਦਾ ਪਲਾਸਟਿਕ ਦੇ ਸਟ੍ਰਾਅ ਨੂੰ ਵਰਤਣ ਲਈ ਕੋਈ ਗ੍ਰੇਸ-ਮਿਆਦ ਨਹੀਂ ਹੈ।

**ਕੀ ਮੈਂ ਆਪਣੇ ਗਾਹਕਾਂ ਨੂੰ ਮੁੜ-ਵਰਤੋਂ ਯੋਗ ਸਟ੍ਰਾਅ ਦੀ ਪੇਸ਼ਕਸ਼ ਕਰ ਸਕਦਾ/ਸਕਦੀ ਹਾਂ? ਮੈਨੂੰ ਉਹਨਾਂ ਨੂੰ ਸੈਨੀਟਾਈਜ਼ ਕਿਵੇਂ ਕਰਨਾ ਚਾਹੀਦਾ ਹੈ?**

ਅਸੀਂ ਭੋਜਨ ਵਿਕ੍ਰੇਤਾਵਾਂ ਨੂੰ, ਜਿਥੇ ਵੀ ਸੰਭਵ ਹੋਵੇ, ਮੁੜ-ਵਰਤੋਂ ਯੋਗ ਸਟ੍ਰਾਅ ਸਮੇਤ, ਮੁੜ-ਵਰਤੋਂ ਯੋਗ ਵਿਕਲਪ ਪੇਸ਼ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਕਿਰਪਾ ਕਰਕੇ ਇਹ ਪੱਕਾ ਕਰਨ ਲਈ ਵੈਨਕੂਵਰ ਕੋਸਟਲ ਹੈਲਥ ਨਾਲ ਕੰਮ ਕਰੋ ਕਿ ਤੁਹਾਡੇ ਕੋਲ ਉਹਨਾਂ ਨੂੰ ਚੰਗੀ ਤਰ੍ਹਾਂ ਧੋਣ ਅਤੇ ਰੋਗਾਣੂ-ਮੁਕਤ ਕਰਨ ਲਈ ਸਿਸਟਮ ਮੌਜੂਦ ਹਨ।

ਮਹੱਤਵਪੂਰਨ: ਮੁੜ-ਵਰਤੋਂ ਯੋਗ ਸਟ੍ਰਾਅ ਪਹੁੰਚਯੋਗਤਾ ਲਈ ਲੋੜੀਂਦੇ ਲਚਕੀਲੇ ਸਟ੍ਰਾਅ ਦਾ ਬਦਲ ਨਹੀਂ ਹਨ।

**ਪਲਾਸਟਿਕ ਦੇ ਸਟ੍ਰਾਅ ਦੇ ਸੁਝਾਏ ਗਏ ਵਿਕਲਪਾਂ ਬਾਰੇ ਮੈਂ ਜਾਣਕਾਰੀ ਕਿੱਥੇ ਮਿਲ ਸਕਦੀ ਹੈ?**

ਸੁਝਾਏ ਗਏ ਵਿਕਲਪਾਂ ਦੀ ਇੱਕ ਸੂਚੀ ਸਾਡੀ ਵੈੱਬਸਾਈਟ **vancouver.ca/straws** 'ਤੇ ਅਤੇ ਸਾਡੇ ਪ੍ਰਕਾਸ਼ਨ, *Single-Use Item By-law Guide (ਸਿੰਗਲ-ਯੂਜ਼ ਆਈਟਮ ਉਪਨਿਯਮਾਂ ਬਾਰੇ ਗਾਈਡ)* ਵਿੱਚ ਉਪਲਬਧ ਹੈ।

**ਸਿਟੀ ਉਪਨਿਯਮ ਨੂੰ ਕਿਵੇਂ ਲਾਗੂ ਕਰੇਗੀ?**

ਕੋਵਿਡ-19 ਦੇ ਮੁਸ਼ਕਲ ਹਾਲਾਤ ਦੇ ਕਾਰਨ, ਸਿਟੀ ਦਾ ਸਟਾਫ਼ ਪਹੁੰਚ ਕਰਨ ਅਤੇ ਸਿੱਖਿਆ ਦੇਣ ਨੂੰ ਪਹਿਲ ਦੇ ਰਿਹਾ ਹੈ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਕਾਰੋਬਾਰਾਂ ਕੋਲ ਸਿੰਗਲ-ਯੂਜ਼ ਚੀਜ਼ਾਂ ਬਾਰੇ ਉਪਨਿਯਮਾਂ ਦੀ ਪਾਲਣਾ ਕਰਨ ਲਈ ਉਹ ਸਹਾਇਤਾ ਹੋਵੇ ਜਿਸਦੀ ਉਹਨਾਂ ਨੂੰ ਲੋੜ ਹੈ। ਜੇ ਕੋਈ ਕਾਰੋਬਾਰ ਲਾਗੂ ਸਿੰਗਲ-ਯੂਜ਼ ਚੀਜ਼ਾਂ ਬਾਰੇ ਉਪਨਿਯਮ ਦੀ ਪਾਲਣਾ ਨਾ ਕਰਦਾ ਹੋਇਆ ਪਾਇਆ ਜਾਂਦਾ ਹੈ, ਤਾਂ ਸਿਟੀ ਦੀ ਸ਼ੁਰੂਆਤੀ ਕਾਰਵਾਈਆਂ ਪਾਲਣਾ ਕਰਨ ਵਿੱਚ ਉਹਨਾਂ ਦੀ ਸਹਾਇਤਾ ਕਰਨ ਲਈ ਸਿੱਖਿਆ, ਪਹੁੰਚ ਅਤੇ ਸਹਾਇਤਾ 'ਤੇ ਕੇਂਦ੍ਰਿਤ ਹੋਣਗੀਆਂ।

ਪਾਲਣਾ ਪ੍ਰਾਪਤ ਕਰਨ ਲਈ ਇਹਨਾਂ ਸ਼ੁਰੂਆਤੀ ਵਿਦਿਅਕ ਕਾਰਵਾਈਆਂ ਦੇ ਬਾਅਦ, ਪਾਲਣਾ ਨਾ ਕਰਨ ਵਾਲੇ ਆਪਰੇਟਰਾਂ 'ਤੇ ਧਿਆਨ ਦੇਣ ਲਈ ਲਾਗੂਕਰਣ ਦੇ ਵਧੇ ਹੋਏ ਪੱਧਰਾਂ ਨੂੰ ਲਾਗੂ ਕੀਤਾ ਜਾ ਸਕਦਾ ਹੈ। ਲਾਗੂ ਕਰਨ ਵਿੱਚ ਟਿਕਟਾਂ ਜਾਰੀ ਕਰਨਾ ਸ਼ਾਮਲ ਹੋ ਸਕਦਾ ਹੈ, ਜਿਨ੍ਹਾਂ 'ਤੇ ਪ੍ਰਤੀ ਅਪਰਾਧ $500 ਜੁਰਮਾਨਾ ਹੁੰਦਾ ਹੈ, ਜਾਂ ਸੂਬਾਈ ਅਦਾਲਤ ਵਿੱਚ ਹੋਰ ਮੁਕੱਦਮਾ ਕੀਤਾ ਜਾ ਸਕਦਾ ਹੈ ਜੋ ਕਿ ਪ੍ਰਤੀ ਅਪਰਾਧ ਵੱਧ ਤੋਂ ਵੱਧ $10,000 ਜੁਰਮਾਨੇ ਦੇ ਅਧੀਨ ਹੋ ਸਕਦਾ ਹੈ। ਨਿਰੰਤਰ ਗੈਰ-ਪਾਲਣਾ ਦੇ ਨਤੀਜੇ ਵਜੋਂ ਕਾਰੋਬਾਰ ਦਾ ਲਾਇਸੈਂਸ ਰੱਦ ਕੀਤਾ ਜਾ ਸਕਦਾ ਹੈ, ਜਾਂ ਕਾਰੋਬਾਰ ਦੇ ਲਾਇਸੈਂਸ ਨੂੰ ਰੱਦ ਕਰਨ ਲਈ ਸਿਫ਼ਾਰਿਸ਼ਾਂ ਕੀਤੀਆਂ ਜਾ ਸਕਦੀਆਂ ਹਨ।

ਲਾਗੂਕਰਣ ਬਾਰੇ ਨਵੀਨਤਮ ਅੱਪਡੇਟਾਂ ਲਈ, **vancouver.ca/reduce-single-use** 'ਤੇ ਜਾਓ